# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ

ਮੀਮੋਨੰ:**DySPD (PEDB)/2019/** 432817 ਮਿਤੀ: 20/12/2019

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/18-1ਸਿ6/1575695, ਮਿਤੀ 16.09.2019 ਰਾਹੀਂ ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜੇਸ਼ਨ ਪਾਲਿਸੀ 2019 ਜਾਰੀ ਕੀਤੀ ਗਈ ਹੈ ਅਤੇ ਇਸ ਦਫਤਰ ਵੱਲੋਂ ਮੀਮੋਨੰ: DySPD (PEDB)/2019/2019424621, ਮਿਤੀ:16.012.2019 ਰਾਹੀਂ ਜਨਤਕ ਸੂਚਨਾ ਜਾਰੀ ਕਰਕੇ ਜਿਨ੍ਹਾਂ ਹੈਡ ਟੀਚਰਾਂ ਜਿਨ੍ਹਾਂ ਦੀ ਅਸਾਮੀ ਰੈਸਨੇਲਾਇਜੇਸ਼ਨ ਪਾਲਿਸੀ ਅਨੁਸਾਰ ਸਕੂਲ ਵਿੱਚ ਨਹੀਂ ਬਣਦੀ ਤੋਂ ਸ਼ਿਫਟਿੰਗ ਲਈ Station Preference ਮੰਗੀ ਸੀ।

2.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਮਿਤੀ 13.12.2019 ਨੂੰ ਕੁਝ ਨਵ ਨਿਯੁਕਤ ਹੈਡ ਟੀਚਰਾਂ ਨੂੰ ਵੀ ਸਟੇਸ਼ਨ ਅਲਾਟ ਕੀਤੇ ਗਏ ਸਨ ਅਤੇ ਉਨ੍ਹਾਂ ਦੀ ਸਕੂਲ ਵਿੱਚ ਹਾਜਰੀ ਦੀ ਪ੍ਰਕ੍ਰਿਆ ਜਾਰੀ ਹੈ, ਜਿਸ ਨਾਲ ਹੈਡ ਟੀਚਰਾਂ ਲਈ ਜੋ ਖਾਲੀ ਸਟੇਸ਼ਨ ਦਰਸ਼ਾਏ ਗਏ ਸਨ ਉਨ੍ਹਾਂ ਵਿੱਚ ਕੁਝ ਤਬਦੀਲੀ ਆਈ ਹੈ। ਇਸ ਲਈ ਹੈਡ ਟੀਚਰ ਦੀ ਬਣਦੀ Entitlement ਮਿਤੀ 08.12.2019 ਨੂੰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਮੁੜ ਤਿਆਰ ਕੀਤੀ ਗਈ ਹੈ। ਸਮੂਹ ਹੈਡ ਟੀਚਰ ਆਪਣੇ epunjabschool Portal ਤੇ school login Id ਤੇ login ਕਰਕੇ ਆਪਣੇ ਵਿੱਚ ਸਕੂਲ ਦੀ ਹੈਡ ਟੀਚਰ ਦੀ ਬਣਦੀ Entitlement ਵੇਖ ਸਕਦੇ ਹਨ। ਨਾਲ ਹੀ ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਜੇਕਰ ਕਿਸੇ ਸਕੂਲ ਵਿੱਚ ਹੈਡ ਟੀਚਰ ਦੀ ਅਸਾਮੀ ਨਹੀਂ ਬਣਦੀ ਤਾਂ ਉਸ ਦਾ ਨਾਮ ਵੀ ਦਰਸ਼ਾਇਆ ਗਿਆ ਹੈ।

3.0 ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਜੇਕਰ ਕਿਸੇ ਸਕੂਲ ਵਿੱਚ ਹੈਡ ਟੀਚਰ ਦੀ ਅਸਾਮੀ ਨਹੀਂ ਬਣਦੀ ਤਾਂ ਸਬੰਧਤ ਹੈਡ ਟੀਚਰ ਖਾਲੀ ਅਸਾਮੀਆਂ/ ਲੋੜੀਂਦੀਆਂ ਅਸਾਮੀਆਂ ਵਿੱਰੁਧ ਸ਼ਿਫਟਿੰਗ ਲਈ ਜਿਲੇ ਵਿੱਚ ਉਪਲਬਧ ਸਾਰੇ ਖਾਲੀ ਸਟੇਸ਼ਨਾਂ ਲਈ ਆਪਣੀ Station preference ਮੁੜ ਦੇਣਗੇ। ਸ਼ਿਫਟਿੰਗ ਲਈ Station preference ਮਿਤੀ 22.12.2019 ਤੱਕ epunjabschoolportal ਤੇ ਆਪਣੇ employee login Id ਤੇ login ਕਰਕੇ ਦੇ ਸਕਦੇ ਹਨ। Station preference ਕੇਵਲ ਆਨ ਲਾਇਨ ਹੀ ਲਈ ਜਾਵੇਗੀ।

4.0 ਜੇਕਰ ਸਕੂਲ ਵਿੱਚ ਹੈਡ ਟੀਚਰ ਦੀ ਅਸਾਮੀ ਨਹੀਂ ਬਣਦੀ ਹੈ ਅਤੇ ਸਬੰਧਤ ਹੈਡ ਟੀਚਰ Station preference ਨਹੀਂ ਦਿੰਦਾ ਜਾਂ ਸਾਰੇ ਖਾਲੀ ਸਟੇਸ਼ਨਾਂ ਤੇ ਆਪਣੀ preference ਨਹੀਂ ਦਿੰਦਾ ਤਾਂ ਵਿਭਾਗ ਵੱਲੋਂ ਸ਼ਿਫਟਿੰਗ ਦੀ ਸਾਰੀ ਪ੍ਰਕ੍ਰਿਆ ਖਤਮ ਹੋਣ ਤੇ ਬਾਕੀ ਖਾਲੀ ਪਈਆਂ ਅਸਾਮੀਆਂ ਵਿਰੁੱਧ ਕਿਸੇ ਵੀ ਸਟੇਸ਼ਨ ਤੇ ਸ਼ਿਫਟ ਕਰ ਦਿੱਤਾ ਜਾਵੇਗਾ।

5.0 ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਜਾਂ 60% ਜਾਂ ਉਸ ਤੋਂ ਵੱਧ ਅੰਗਹੀਣ ਹੈ ਜਾਂ ਵਿਧਵਾ ਹੈ ਅਤੇ ਸਕੂਲ ਵਿੱਚ ਉਸ ਦੀ ਅਸਾਮੀ ਨਹੀਂ ਬਣਦੀ, ਤਾਂ ਅਜਿਹੇ ਹੈਡ ਟੀਚਰ ਨੂੰ ਸਟੇਸ਼ਨ ਪਹਿਲ ਦੇ ਅਧਾਰ ਤੇ

ਅਲਾਟ ਕੀਤਾ ਜਾਵੇਗਾ। ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਜਾਂ 60% and above physically handicap ਹੈਡ ਟੀਚਰ ਆਪਣੇ ਦਸਤਾਵੇਜ epunjabschoolportal ਤੇ ਆਪਣੇ employee login Id ਤੇ login ਕਰਕੇ ਅਪਲਾਈ ਕਰਦੇ ਸਮੇਂ attach ਕਰੇਗਾ। ਦਸਤਾਵੇਜ CMO ਵੱਲੋਂ ਜਾਰੀ ਕੀਤਾ ਹੋਵੇ।

6.0 ਜੇਕਰ ਕਿਸੇ ਹੈਡ ਟੀਚਰ ਨੂੰ ਸ਼ਿਫਟਿੰਗ ਲਈ ਆਨ ਲਾਈਨ ਬੇਨਤੀ ਕਰਨ ਵਿੱਚ ਦਿਕੱਤ ਪੇਸ਼ ਆਉਂਦੀ ਹੈ ਤਾਂ ਉਹ ਜਿਲਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ epunjabschool portal ਤੇ ਉਪਲਬਧ ਹੈ।

Mal

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।

20.12.19